**SET – 1**

**Series : HRK/C**

ਕੋਡ ਨੰ. **42/1**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **4** ਪੰਨੇ + **2** ਨਕਸ਼ਾ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **30** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **4** printed pages + **2** Maps.
- Code number given on the right hand side of the question paper should be written on the title page of the answer-book by the candidate.
- Please check that this question paper contains **30** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

**ਸੰਕਲਿਤ ਪ੍ਰੀਖਿਆ–II**

**SUMMATIVE ASSESSMENT – II**

# ਸਮਾਜਿਕ ਵਿਗਿਆਨ

**(ਪੰਜਾਬੀ ਉਲਥਾ)**

# SOCIAL SCIENCE

**(Punjabi Version)**

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 90*

*Time allowed : 3 hours* *Maximum Marks : 90*

***ਵਿਆਪਕ ਨਿਰਦੇਸ਼ :***

*(i) ਇਸ ਪ੍ਰਸ਼ਨ ਪੱਤਰ ਵਿੱਚ ਕੁੱਲ **30** ਪ੍ਰਸ਼ਨ ਹਨ । **ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

*(ii)* *ਹਰ ਪ੍ਰਸ਼ਨ ਦੇ ਸਾਮ੍ਹਣੇ ਉਸ ਲਈ ਨਿਰਧਾਰਿਤ ਅੰਕ ਲਿੱਖੇ ਹੋਏ ਹਨ ।*

*(iii)* *ਪ੍ਰਸ਼ਨ ਸੰਖਿਆ **1** ਤੋਂ **8** ਤੱਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇੱਕ ਪ੍ਰਸ਼ਨ **1** ਅੰਕ ਦਾ ਹੈ । ਇਹਨਾਂ ਵਿਚੋਂ ਹਰ ਇਕ ਪ੍ਰਸ਼ਨ ਦਾ ਉਤਰ **30** ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ।*

*(iv)* *ਪ੍ਰਸ਼ਨ ਸੰਖਿਆ **9** ਤੋਂ **20** ਤੱਕ ਹਰ ਇੱਕ ਪ੍ਰਸ਼ਨ **3** ਅੰਕ ਦਾ ਹੈ । ਇਹਨਾਂ ਵਿਚੋਂ ਹਰ ਇਕ ਪ੍ਰਸ਼ਨ ਦਾ ਉਤਰ **80** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ **21** ਤੋਂ **28** ਤੱਕ ਹਰ ਇੱਕ ਪ੍ਰਸ਼ਨ **5** ਅੰਕ ਦਾ ਹੈ । ਇਹਨਾਂ ਵਿਚੋਂ ਹਰ ਇਕ ਪ੍ਰਸ਼ਨ ਦਾ ਉਤਰ **120** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ।*

*(vi)* *ਪ੍ਰਸ਼ਨ ਸੰਖਿਆ **29** ਅਤੇ **30** ਇਤਿਹਾਸ ਅਤੇ ਭੂਗੋਲ ਦੇ ਮਾਨਚਿੱਤਰ ਸੰਬੰਧੀ ਪ੍ਰਸ਼ਨ ਹਨ । ਹਰ ਇੱਕ ਪ੍ਰਸ਼ਨ ਦੇ **3** ਅੰਕ ਹਨ । ਭਰੇ ਹੋਏ ਮਾਨਚਿੱਤਰਾਂ ਨੂੰ ਅਪਣੀ ਉੱਤਰ ਪੁਸਤਿਕਾ ਦੇ ਅੰਦਰ ਨਿੱਥੀ ਕਰੋ ।*

1. ਫਰਾਂਸ ਵਿਚ ਨਾਗਰਕ ਸੰਹਿਤਾ 1804 ਨੂੰ ਕਿਸਨੇ ਲਾਗੂ ਕੀਤਾ ? **1**

**ਜਾਂ**

ਵਿਯਤਨਾਮਵਿਚ ਰੇਵੋਲਯੂਸਨਰੀ ਸੋਸਾਇਟੀ ਨੂੰ ਕਿਸਨੇ ਬਣਾਇਆ ਸੀ ?

2. ਕਿਸ ਪ੍ਰਕਾਰ ਦੇ ਖਨਿਜ ਮੁੱਖ ਤੌਰਤੇ ਸ਼ਿਰਾਵਾਂ (ਧਾਰੀਆਂ) ਅਤੇ ਜਮਾਵਾਂ (ਪਰਤਾਂ) ਦੇ ਰੂਪ ਵਿਚ ਮਿਲਦੇ ਹਨ ? **1**

3. ਭਾਰਤ ਵਿਚ ਲੋਕ ਤੰਤਰ ਕਿਵੇਂ ਰਾਜਨੀਤਕ ਸਮਾਨਤਾ ਉਪਰ ਅਧਾਰਤ ਹੈ ? **1**

4. 'ਰਾਜਨੀਤਕ ਦਲ' ਦੇ ਅਰਥ ਸਪਸ਼ਟ ਕਰੋ । **1**

5. ਨੇਪਾਲੀ ਕਮਿਯੂਨਿਸਟ ਪਾਰਟੀ ਦੀ ਵਿਚਾਰਧਾਰਾ ਦੂਸਰੀਆਂ ਪਾਰਟੀਆਂ ਤੋਂ ਕਿਵੇਂ ਵਖਰੀ ਸੀ ? **1**

6. ਜੇਕਰ ਤੁਸੀਂ ਬਜਾਰ ਤੋਂ ਖਾਣਾ ਬਨਾਉਣ ਦੇ ਲਈ ਮਸਾਲੇ ਖਰੀਦਦੇ ਹੋ ਤਾਂ ਉਸਦੀ ਗੁਣਵੱਤਾ (ਪਰਕਿਰਤੀ) ਦੇ ਲਈ ਬੇਫਿਕਰ ਹੋਣ ਦੇ ਲਈ ਤੁਸੀਂ ਉਸ ਦੇ ਕਵਰ ਉਪਰ ਕਿਹੜਾ ਸ਼ਬਦ ਚਿਨ੍ਹ (ਲੋਗੋ) ਦੇਖਣਾ ਚਾਹੋਗੇ ? **1**

7. 'ਉਦਾਰੀਕਰਨ' ਸ਼ਬਦ ਦੀ ਪਰਿਭਾਸ਼ਾ ਲਿੱਖੋ । **1**

8. ਕਿਸੇ ਨੂੰ ਭੁਗਤਾਨ ਕਰਦੇ ਸਮੇਂ ਨਕਦ ਕਰੇਂਸੀ (ਮੁਦਰਾ) ਦੀ ਥਾਂ 'ਤੇ ਦੂਸਰਾ ਵਿਕਲਪ ਕੀ ਹੋ ਸਕਦਾ ਹੈ ? **1**

9. ਇਟਲੀ ਦੇ ਏਕੀਕਰਨ ਦੀ ਪਰਕਿਰਿਆ ਦਾ ਵਰਨਨ ਕਰੋ । **3**

**ਜਾਂ**

ਵਿਯਤਨਾਮ ਵਿਚ ਰਾਸ਼ਟਰਵਾਦ ਦੀਆਂ ਭਾਵਨਾਵਾਂ ਨੂੰ ਫੈਲਾਣ ਦੇ ਲਈ ਹੋ ਚੀ ਮਿਨ੍ਹ ਦੀ ਭੂਮਿਕਾ ਦਾ ਵਰਨਨ ਕਰੋ ।

10. 'ਅਸਹਯੋਗ ਅੰਦੋਲਨ' ਸ਼ੈਹਰਾਂ ਵਿਚ ਹੋਲੀ ਹੋਲੀ ਢਿੱਲਾ ਕਿਉਂ ਪੈਣ ਲਗਾ ? ਸਪਸ਼ਟ ਕਰੋ । **3**

11. "ਦੇਸ਼ ਨੂੰ ਇਕਜੁਟ ਕਰਨ ਦੇ ਲਈ ਮਹਾਤਮਾ ਗਾਂਧੀ ਨੇ ਨਮਕ ਨੂੰ ਇਕ ਸ਼ਕਤੀਸ਼ਾਲੀ ਪ੍ਰਤੀਕ ਦੇ ਰੂਪ ਵਿਚ ਵਰਤਿਆ" ਇਸ ਕਥਨ ਨੂੰ ਉੱਚਤ ਠੈਹਰਾਓ । **3**

12. ਭਾਰਤ ਵਿਸ ਸੂਤੀ ਵਸਤਰ ਉਦਯੋਗ ਦੇ ਸਾਮ੍ਹਣੇ ਆਈਆਂ ਕਿਸੇ ਤਿੰਨ ਵੱਡੀਆਂ ਸਮਸਿਆਵਾਂ ਦੀ ਵਰਨਨ ਕਰੋ । **$3 \times 1 = 3$**

13. "ਪਰਕਿਰਤਕ ਗੈਸ ਊਰਜਾ ਦਾ ਇਕ ਮਹਤਵਪੂਰਨ ਸਾਧਨ ਹੈ ।" ਕਥਨ ਦੀ ਪੁਸ਼ਟੀ ਕਰੋ । **3**

14. ਭਾਰਤ ਦੇ ਲਈ ਸੀਮਾਂ ਸੜਕਾਂ ਦੀ ਮਹਤਤਾ ਨੂੰ ਸਪਸ਼ਟ ਕਰੋ । **3**

15. ਲੋਕ ਤੰਤਰ ਨੂੰ ਮਜ਼ਬੂਤ ਕਰਨ ਦੇ ਲਈ ਕਿਹੜੇ ਮੁੱਲ ਸਹਾਇਕ ਹੋ ਸਕਦੇ ਹਨ ? ਆਪਣੇ ਵਿਚਾਰ ਸਪਸ਼ਟ ਕਰੋ । **3**

16. ਇਕ ਉਦਾਹਰਣ ਦੇ ਕੇ ਸਪਸ਼ਟ ਕਰੋ ਕਿ ਦਬਾਵ ਸਮੂਹ ਅਤੇ ਅੰਦੋਲਨ ਰਾਜਨੀਤੀ ਉਪਰ ਦਬਾਵ ਕਿਵੇਂ ਪਾਉਂਦੇ ਹਨ । **3**

17. ਰਾਜਨੀਤਕ ਦਲਾਂ ਨੂੰ ਵਧੇਰੇ ਲੋਕਤੰਤਰੀ ਬਨਾਉਣ ਖਾਤਰ ਕੋਈ ਤਿੰਨ ਸੁਧਾਰ ਸੁਝਾਓ । **3**

18. ਉਪਭੋਗਤਾਵਾਂ ਉਪਰ ਕੋਪਰਾ (COPRA) ਦੇ ਪ੍ਰਭਾਵਾਂ ਦਾ ਅਨੁਮਾਨ ਲਗਾਓ । **3**

19. ਭਾਰਤੀ ਰਿਜ਼ਰਵ ਬੈਂਕ ਦੇ ਕੰਮਾਂ ਨੂੰ ਸਪਸ਼ਟ ਕਰੋ । **3**

20. "ਵਿਸ਼ਵੀਕਰਨ ਉਪਭੋਗਤਾਵਾਂ ਦੇ ਨਾਲ ਨਾਲ ਉਤਪਾਦਕਾਂ ਦੇ ਲਈ ਵੀ ਲਾਭਕਾਇਕ ਰਿਹਾ ਹੈ ।" ਇਸ ਕਥਨ ਦੀ ਪੁਸ਼ਟੀ ਢੁਕਵੀਆਂ ਉਦਾਹਰਣਾ ਦੇ ਕੇ ਕਰੋ । **3**

21. ਨੇਪੋਲਿਯਨ ਰਾਹੀਂ ਆਪਣੇ ਕਾਬੂ (ਕੰਟਰੋਲ) ਹੇਠ ਖੇਤਰਾਂ ਵਿਚ ਸ਼ੁਰੂ ਕੀਤੇ ਗਏ ਕਿਸੇ ਪੰਜ ਸੁਧਾਰਾਂ ਦੀ ਵਿਆਖਿਆ ਕਰੋ । **5**

**ਜਾਂ**

ਵਿਯਤਨਾਮ ਵਿਚ ਰਾਸ਼ਟਰਵਾਦ ਕਿਵੇਂ ਪਰਗਟ ਹੋਇਆ ? ਉਦਾਹਰਣਾਂ ਦੇ ਕੇ ਸਪਸ਼ਟ ਕਰੋ ।

22. "ਭਾਰਤ ਵਿਚ ਇਤਹਾਸ ਅਤੇ ਸਾਹਿਤ, ਲੋਕ ਕਥਾਵਾਂ ਅਤੇ ਗੀਤ, ਹਰਮਨ ਪਿਆਰੇ ਚਿੱਤਰ ਅਤੇ ਪ੍ਰਤੀਕ, ਸਭਨਾਂ ਨੇ ਰਾਸ਼ਟਰਵਾਦ ਨੂੰ ਸਾਕਾਰ ਕਰਨ ਵਿਚ ਆਪਣਾ ਹਿੱਸਾ ਪਾਇਆ ।" ਇਸ ਕਥਨ ਦੀ ਪੁਸ਼ਟੀ ਕਰੋ । **5**

23. ਸੜਕ ਆਵਾਜਾਈ ਸਾਧਨਾਂ ਦੇ ਕਿਸੇ ਪੰਜ ਲਾਭਾਂ ਦਾ ਵਰਨਨ ਕਰੋ । **5**

24. "ਕਿਸੇ ਦੇਸ਼ ਦੀ ਆਰਥਕ ਤਰੱਕੀ ਵਿਨਿਰਮਾਣ (ਮੇਨੁਫੇਕਚਰਿੰਗ) ਉਦਯੋਗਾਂ ਤੋਂ ਸਾਧੀ ਜਾਂਦੀ ਹੈ ।" ਇਸ ਕਥਨ ਦਾ ਵਿਸ਼ਲੇਸ਼ਣ ਕਰੋ । **5**

25. ਨੇਪਾਲ ਅਤੇ ਬੋਲਿਵਿਆਂ ਦੇ ਜਨ ਸੰਘਰਸ਼ਾਂ ਦੀ ਤੁਲਨਾ ਕਰੋ । **5**

26. ਲੋਕ ਤੰਤਰ ਦੀਆਂ ਕਿਸੇ ਪੰਜ ਵਿਸ਼ੇਸ਼ਤਾਵਾਂ ਦਾ ਵਰਨਨ ਕਰੋ । **5 × 1 = 5**

27. ਭਾਰਤ ਦੀ ਅਰਥ ਵਿਵਸਥਾ ਵਿਚ ਬੈਂਕ ਕਿਵੇਂ ਮਹਤਵਪੂਰਨ ਭੂਮਿਕਾ ਨਿਭਾਉਂਦੇ ਹਨ ? ਸਪਸ਼ਟ ਕਰੋ । **5**

28. "ਉਪਭੋਗਤਾ ਅਧਿਕਾਰਾਂ ਨੇ ਉਪਭੋਗਤਾਵਾਂ ਨੂੰ ਜਾਗਰੂਕ ਅਤੇ ਸਸ਼ਕਤ ਕੀਤਾ ਹੈ ।" ਕਥਨ ਦੇ ਪੱਖ ਵਿਚ ਦਲੀਲ ਦਿਓ । **5**

29. ਤਿੰਨ ਲੱਛਣ A, B ਅਤੇ C ਭਾਰਤ ਦੇ ਦਿੱਤੇ ਗਏ ਰਾਜਨੀਤਕ ਰੇਖਾ ਮਾਨ ਚਿੱਤਰ ਵਿਚ ਅੰਕਤ ਕੀਤੇ ਗਏ ਹਨ । ਇਨ੍ਹਾਂ ਲਛਣਾਂ ਨੂੰ ਹੇਠ ਲਿੱਖੀ ਜਾਣਕਾਰੀ ਦੀ ਮਦਦ ਦੇ ਨਾਲ ਪਛਾਣੋ ਅਤੇ ਸਹੀ ਨਾਮ ਮਾਨ ਚਿੱਤਰ ਉਪਰ ਖਿਚੀਆਂ ਗਈਆਂ ਰੇਖਾਵਾਂ ਉਪਰ ਲਿੱਖੋ :

(A) ਉਹ ਨਗਰ ਜਿਹੜਾ ਜਲਿਆਂਵਾਲਾ ਬਾਗ ਵਾਲੀ ਘਟਨਾ ਨਾਲ ਸੰਬੰਧਿਤ ਹੈ ।

(B) ਉਹ ਥਾਂ ਜਿਹੜਾ ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੇ ਸਤਿਆਗਰਹਿ ਨਾਲ ਜੁੜਿਆ ਹੋਇਆ ਹੈ ।

(C) ਉਹ ਥਾਂ ਜਿੱਥੇ ਭਾਰਤੀ ਰਾਸ਼ਟਰੀ ਕਾਂਗਰੇਸ ਦਾ ਅਜਲਾਸ (ਸੈਸ਼ਨ) ਹੋਇਆ ਸੀ । **3 × 1 = 3**

**ਨੋਟ :** ਹੇਠ ਲਿੱਖੇ ਹੋਏ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **29** ਦੇ ਥਾਂ ਬਦਲਵੇਂ ਪ੍ਰਸ਼ਨ ਹਨ : **3 × 1 = 3**

(29.1) ਜਲਿਆਂਵਾਲਾ ਬਾਗ ਦੀ ਘਟਨਾ ਨਾਲ ਸੰਬੰਧਤ ਸ਼ੈਹਰ ਦਾ ਨਾਮ ਲਿੱਖੋ ।

(29.2) ਉਸ ਥਾਂ ਦਾ ਨਾਮ ਲਿੱਖੋ, ਜਿੱਥੇ ਨੀਲ ਦੀ ਖੇਤੀ ਕਰਨ ਵਾਲਿਆਂ ਨੇ ਸਤਿਆਗਰਹਿ ਕੀਤਾ ਸੀ ।

(29.3) ਉਸ ਸਥਾਨ ਦਾ ਨਾਮ ਲਿੱਖੋ, ਜਿਥੇ 1927 ਵਿਚ ਭਾਰਤੀ ਰਾਸ਼ਟਰੀ ਕਾਂਗਰੇਸ ਦਾ ਅਜਲਾਸ ਹੋਇਆ ਸੀ ।

30. ਭਾਰਤ ਦੇ ਦਿੱਤੇ ਹੋਏ ਰਾਜਨੀਤਕ ਰੇਖਾ ਮਾਨ ਚਿੱਤਰ ਵਿਚ ਹੇਠ ਲਿੱਖੇ ਲੱਛਣਾ ਨੂੰ ਢੁਕਵੇਂ ਚਿਨ੍ਹਾਂ ਨਾਲ ਦਿਖਲਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : **3 × 1 = 3**

(i) ਸਮੁੰਦਰੀ ਬੰਦਰਗਾਹ – ਹਲਦੀਆ

(ii) ਨਿਊਕਲੀ ਊਰਜਾ ਕਾਰਖਾਨਾ (Nuclear Power Station) – ਕੈਗਾ

(iii) ਸਾਫਟਵੇਯਰ ਟੇਕਨੋਲੋਜੀ ਪਾਰਕ – ਮੋਹਾਲੀ

**ਨੋਟ :** ਹੇਠ ਲਿੱਖੇ ਹੋਏ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **30** ਦੇ ਥਾਂ ਬਦਲਵੇਂ ਪ੍ਰਸ਼ਨ ਹਨ : **3 × 1 = 3**


(30.1) ਕੋਲਕਾਤਾ ਬੰਦਰਗਾਹ ਉਪਰ ਵਧਦੇ ਹੋਏ ਦਬਾਵ ਤੋਂ ਛੁਟਕਾਰਾ ਪਾਉਣ ਦੇ ਲਈ ਬਣਾਈ ਗਈ ਬੰਦਰਗਾਹ ਦਾ ਨਾਮ ਲਿੱਖੋ ।

(30.2) ਕੈਗਾ ਨਿਊਕਲੀ ਊਰਜਾ ਕਾਰਖਾਨਾ ਕਿਸ ਰਾਜ ਵਿਚ ਸਥਿਤ ਹੈ ।

(30.3) ਪੰਜਾਬ ਵਿਚ ਸਥਿਤ ਸਾਫਟਵੇਯਰ ਟੇਕਨੋਲੋਜੀ ਪਾਰਕ ਦਾ ਨਾਮ ਲਿੱਖੋ ।

ਪ੍ਰਸ਼ਨ ਸੰਖਿਆਂ 29 ਦੇ ਲਈ
**Map for Q. No. 29**

ਭਾਰਤ ਦਾ ਰਾਜਨੀਤਕ ਰੇਖਾ ਮਾਨਚਿੱਤਰ
**Outline Map of India (Political)**




Cut Here ----- ਯਹਾਂ ਸੇ ਕਾਟੇਂ ----- Cut Here ----- ਯਹਾਂ ਸੇ ਕਾਟੇਂ

यहाँ से काटें ---- Cut Here ---- यहाँ से काटें ---- Cut Here

## ਪ੍ਰਸ਼ਨ ਸੰਖਿਆਂ 30 ਦੇ ਲਈ
## Map for Q. No. 30

### ਭਾਰਤ ਦਾ ਰਾਜਨੀਤਕ ਰੇਖਾ ਮਾਨਚਿੱਤਰ
### Outline Map of India (Political)

